Please write clearly in block capitals.

Centre number [ | | | | ] Candidate number [ | | | ]

Surname ____________________

Forename(s) ____________________

Candidate signature ____________________
I declare this is my own work.

# GCSE
# PANJABI

# H

## Higher Tier Paper 3 Reading

Wednesday 14 June 2023 Afternoon Time allowed: 1 hour

**Materials**
You will need no other materials.

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do **not** write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- In **Section A**, answer the questions in **English**.
  In **Section B**, answer the questions in **Panjabi**.
  In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| **TOTAL** | |

Do not write outside the box

## Section A

Questions and answers in **English**

Answer **all** questions in the spaces provided.

**0 1** **Labhu Ram**

Read this passage adapted from the short story, *Labhu Ram*, by Professor Puran Singh.

> ਪੂਰਨ ਸਿੰਘ ਹੁਣ ਕਾਲਜ ਵਿੱਚ ਪੜ੍ਹਦਾ ਸੀ। ਉਸ ਨੂੰ ਘਰੋਂ ਕਾਫੀ ਪੈਸੇ ਮਿਲਦੇ ਸਨ। ਇੱਕ ਦਿਨ ਪੂਰਨ ਸਿੰਘ ਲੱਭੂ ਰਾਮ ਦੇ ਪੈਸੇ ਦੇਣ ਲਈ ਉਸ ਦੀ ਦੁਕਾਨ ਤੇ ਗਿਆ। ਲੱਭੂ ਰਾਮ ਮਰ ਗਿਆ ਸੀ, ਉਸ ਦੀ ਜਗ੍ਹਾ ਤੇ ਕੋਈ ਹੋਰ ਸੀ। ਦੁਕਾਨਦਾਰ ਨੇ ਪੂਰਨ ਸਿੰਘ ਨੂੰ ਇੱਕ ਕਾਪੀ ਫੜਾਈ, ਜਿਸ ਵਿੱਚ ਪੰਜ ਰੁਪਏ ਸਨ ਅਤੇ ਲਿਖਿਆ ਸੀ:
>
> "ਪੂਰਨ, ਤੈਨੂੰ ਆਪਣਾ ਪੁੱਤਰ ਮੰਨ ਕੇ ਮੈਨੂੰ ਬਹੁਤ ਖੁਸ਼ੀ ਮਿਲੀ, ਪਰ ਇਸ ਦੇ ਬਦਲੇ ਮੈਂ ਤੈਨੂੰ ਕੁਝ ਨਹੀਂ ਦੇ ਸਕਿਆ। ਮੇਰੇ ਕੋਲ ਜੋ ਵੀ ਸੀ ਉਸ ਨਾਲ ਮੈਂ ਉਸ ਬੇਵੱਸ ਬੱਚਿਆਂ ਦੇ ਘਰ ਲਈ ਲਏ ਹੋਏ ਪੈਸੇ ਮੋੜਨ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿੱਚ ਮੇਰਾ ਬਚਪਨ ਗੁਜ਼ਰਿਆ ਸੀ। ਤੇਰੇ ਲਈ ਇਹ ਪੰਜ ਰੁਪਏ ਹੀ ਬਚੇ ਹਨ।"
> ਨੋਟ ਪੜ੍ਹ ਕੇ ਪੂਰਨ ਸਿੰਘ ਰੋਣ ਲੱਗ ਪਿਆ।

Write **T** if the statement is **true**.
**F** if the statement is **false**.
**NT** if the information is **not in the text**.

**0 1 . 1** Puran Singh had a financial problem at college. [ ] **[1 mark]**

**0 1 . 2** Puran Singh wanted to pay off his debts. [ ] **[1 mark]**

**0 1 . 3** Labhu Ram was **not** available at his shop. [ ] **[1 mark]**

**0 1 . 4** The shop was much bigger than before. [ ] **[1 mark]**

**0 1 . 5** Labhu Ram was **not** a kind person. [ ] **[1 mark]**

Do not write outside the box

0 1 . 6 Labhu Ram left some money for Puran Singh. [1 mark]

0 1 . 7 The message in the notebook made Puran Singh joyful. [1 mark]

7

**Turn over for the next question**

Do not write outside the box

**0 2** **Travel and tourism**

Read this extract from an article in a Panjabi magazine.

**ਬੱਚਿਆਂ ਨਾਲ ਛੁੱਟੀਆਂ ਮਨਾਉਣ ਲਈ ਸੁਝਾਅ:**

- ਛੁੱਟੀਆਂ ਦਾ ਪ੍ਰੋਗਰਾਮ ਬਣਾਉਣ ਵੇਲੇ ਆਪਣੇ ਬੱਚਿਆਂ ਨੂੰ ਵੀ ਸ਼ਾਮਲ ਕਰੋ ਕਿਉਂਕਿ ਛੁੱਟੀਆਂ ਦੇ ਫੈਸਲੇ ਵਿੱਚ ਹਿੱਸਾ ਲੈਣਾ ਉਨ੍ਹਾਂ ਲਈ ਬਹੁਤ ਜ਼ਰੂਰੀ ਹੁੰਦਾ ਹੈ।
- ਬੱਚਿਆਂ ਨੂੰ ਹੋਟਲ ਵਿੱਚ ਇਕੱਲੇ ਰਹਿਣ ਲਈ ਥੋੜ੍ਹੀ ਆਜ਼ਾਦੀ ਦਿਉ ਪਰ ਉਨ੍ਹਾਂ ਦਾ ਧਿਆਨ ਵੀ ਜ਼ਰੂਰ ਰੱਖੋ।
- ਕਦੇ-ਕਦੇ ਫੋਨਾਂ ਤੇ ਰੋਕ ਲਾਉਣੀ ਚਾਹੀਦੀ ਹੈ। ਖਾਣੇ ਵਾਲੇ ਮੇਜ਼ ਤੇ ਕਦੇ ਵੀ ਬੱਚਿਆਂ ਨੂੰ ਮੋਬਾਇਲ ਫੋਨ ਨਾ ਵਰਤਣ ਦਿਉ। ਉਨ੍ਹਾਂ ਨੂੰ ਦੱਸੋ, ਅਜਾਇਬ ਘਰ ਵਿੱਚ ਫੋਨ ਕੈਮਰੇ ਨਾਲ ਫੋਟੋਆਂ ਖਿੱਚਣ ਨਾਲੋਂ ਚੀਜ਼ਾਂ ਦਾ ਅੱਖਾਂ ਨਾਲ ਮਜ਼ਾ ਲੈਣਾ ਜ਼ਿਆਦਾ ਚੰਗਾ ਹੈ।

Answer **all** parts of the question in **English**.

**0 2 . 1** What is important for children?

**[1 mark]**

______________________________________________

**0 2 . 2** How should parents treat children at a hotel? Give **two** details.

**[2 marks]**

1 ______________________________________________

______________________________________________

2 ______________________________________________

______________________________________________

**0 2 . 3** Where should parents not let their children use mobile phones? Give **two** details.

**[2 marks]**

1 ______________________________________________

______________________________________________

2 ______________________________________________

______________________________________________

5

*Do not write outside the box*

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**0 3** **My area**

Read this blog where young people are describing their areas in the Panjab.

| | |
|---|---|
| **Surjeet** | ਪਿੰਡ ਦਾ ਮਾਹੌਲ ਸ਼ਾਂਤੀ ਵਾਲਾ ਹੈ ਅਤੇ ਸ਼ਹਿਰ ਦੇ ਰੌਲੇ ਰੱਪੇ ਤੋਂ ਮੀਲਾਂ ਦੂਰ ਹੈ। |
| **Akaaljeet** | ਸਾਡੇ ਪਿੰਡ ਵਿੱਚ ਨਾਲੀਆਂ ਤੇ ਗਲੀਆਂ ਪੱਕੀਆਂ ਹਨ ਇਸ ਕਰਕੇ ਗੰਦਾ ਪਾਣੀ ਸਿੱਧਾ ਪਿੰਡ ਦੇ ਲਾਗਲੇ ਖੇਤਾਂ ਵਿੱਚ ਜਾਂਦਾ ਹੈ। |
| **Tejveer** | ਸਾਡੇ ਸ਼ਹਿਰ ਵਿੱਚ ਗੰਦੇ ਪਾਣੀ ਨੂੰ ਬਾਹਰ ਕੱਢਣ ਦਾ ਕੋਈ ਪ੍ਰਬੰਧ ਨਹੀਂ ਇਸ ਲਈ ਥੋੜ੍ਹਾ ਮੀਂਹ ਪੈਣ ਤੇ ਬਾਜ਼ਾਰਾਂ ਵਿੱਚ ਸੜਕਾਂ ਤੇ ਪਾਣੀ ਹੀ ਪਾਣੀ ਹੋ ਜਾਂਦਾ ਹੈ। |
| **Lovejeet** | ਸਾਨੂੰ ਸ਼ਹਿਰ ਵਿੱਚ ਗਾਂ ਜਾਂ ਮੱਝ ਰੱਖਣ ਦੀ ਆਗਿਆ ਨਹੀਂ ਅਤੇ ਜੇ ਕੋਈ ਰੱਖੇ, ਤਾਂ ਵੱਡਾ ਜੁਰਮਾਨਾ ਭਰਨਾ ਪੈਂਦਾ ਹੈ। |
| **Kulwinder** | ਸਾਡੇ ਸ਼ਹਿਰ ਵਿੱਚ ਹਰ ਜਗ੍ਹਾ ਤੇ ਕੂੜਾ ਸੁੱਟਣ ਲਈ ਡੱਬੇ ਰੱਖੇ ਹੋਏ ਹਨ ਅਤੇ ਸੜਕ ਤੇ ਗੰਦ ਪਾਉਣ ਵਾਲੇ ਨੂੰ ਸਜ਼ਾ ਮਿਲਦੀ ਹੈ। |
| **Harleen** | ਸਾਡੇ ਪਿੰਡ ਵਿੱਚ ਅਜੇ ਪੀਣ ਵਾਲੇ ਪਾਣੀ ਦੀਆਂ ਟੂਟੀਆਂ ਨਹੀਂ ਲੱਗੀਆਂ ਇਸ ਲਈ ਨਲਕੇ ਦਾ ਪਾਣੀ ਸੌ ਡਿਗਰੀ ਤੇ ਗਰਮ ਕਰਕੇ ਪੀਣਾ ਪੈਂਦਾ ਹੈ। |

Do not write outside the box

Write the **first** letter of the **correct** name in the box.

Write **S** for Surjeet
**A** for Akaaljeet
**T** for Tejveer
**L** for Lovejeet
**K** for Kulwinder
**H** for Harleen

**0 3 . 1** Who cannot raise animals for milk? **[1 mark]**

**0 3 . 2** Whose area gets worse after the rain? **[1 mark]**

**0 3 . 3** Who must pay a fine for making a mess? **[1 mark]**

**0 3 . 4** Who does **not** have clean water? **[1 mark]**

**0 3 . 5** Who has an established drainage system? **[1 mark]**

**5**

**Turn over for the next question**

**Turn over ▶**

Do not write outside the box

**0 4** **The schools in the Panjab**

Read this article about schools in the Panjab in a Panjabi magazine.

ਪੰਜਾਬ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਕਰਨ ਲਈ ਪੰਜਾਬ ਸਰਕਾਰ ਨੇ ਵਧੀਆ ਕਦਮ ਚੁੱਕੇ ਹਨ। ਸਰਕਾਰੀ ਸਕੂਲਾਂ ਵਿੱਚ ਬਦਲਾਅ ਲਿਆ ਕੇ ਉਨ੍ਹਾਂ ਨੂੰ ਸਮਾਰਟ ਸਕੂਲ ਬਣਾ ਕੇ ਵਿਦਿਆਰਥੀਆਂ ਲਈ ਉੱਚ-ਪੱਧਰੀ ਸਿੱਖਿਆ ਦਾ ਪ੍ਰਬੰਧ ਕੀਤਾ ਹੈ। ਛੇਹਰਟਾ ਦਾ ਸਰਕਾਰੀ ਪ੍ਰਾਇਮਰੀ ਸਕੂਲ ਨਿੱਜੀ ਸਕੂਲਾਂ ਨੂੰ ਵੀ ਪਿੱਛੇ ਛੱਡ ਰਿਹਾ ਹੈ। ਸਕੂਲ ਦਾ ਸਟਾਫ਼ ਕਾਫੀ ਤਜਰਬੇਕਾਰ ਹੈ ਅਤੇ ਵਿਦਿਆਰਥੀ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਨਾਲੋਂ ਪੜ੍ਹਾਈ ਵਿੱਚ ਕਿਤੇ ਵੱਧ ਹੁਸ਼ਿਆਰ ਹਨ। ਸਕੂਲ ਵਿੱਚ ਪੰਜਾਬੀ ਮਾਂ-ਬੋਲੀ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਵੀ ਪੜ੍ਹਾਈ ਜਾਂਦੀ ਹੈ ਇਸ ਲਈ ਵਿਦਿਆਰਥੀ ਪੰਜਾਬੀ ਵਾਂਗ ਅੰਗਰੇਜ਼ੀ ਵਿੱਚ ਵੀ ਬੜੀ ਆਸਾਨੀ ਨਾਲ ਗੱਲਬਾਤ ਕਰ ਸਕਦੇ ਹਨ। ਸਕੂਲ ਨੂੰ ਚੌਵੀ-ਘੰਟੇ ਬਿਜਲੀ ਦੇਣ ਲਈ ਸੂਰਜੀ ਊਰਜਾ ਦਾ ਪ੍ਰਬੰਧ ਕੀਤਾ ਗਿਆ ਹੈ। ਜਿਹੜੇ ਵਿਦਿਆਰਥੀ ਕਿਸੇ ਕਾਰਨ ਸਕੂਲ ਤੋਂ ਗੈਰਹਾਜ਼ਰ ਰਹਿੰਦੇ ਹਨ ਉਹ ਬਿਨਾਂ ਰੋਕ ਟੋਕ ਦੇ ਔਨਲਾਈਨ ਆਪਣੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਸਕੂਲ ਵਿੱਚ ਅਜਿਹੇ ਵਿਦਿਆਰਥੀ ਵੀ ਹਨ ਜਿਹੜੇ ਨਿੱਜੀ ਸਕੂਲਾਂ ਵਿੱਚੋਂ ਹਟ ਕੇ ਆਏ ਹਨ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਦੇ ਕੁਝ ਸਰਕਾਰੀ ਸਕੂਲ ਨਵੀਂ ਟੈਕਨੌਲੌਜੀ ਵਿੱਚ ਦਿੱਲੀ ਸਰਕਾਰ ਦੇ ਸਕੂਲਾਂ ਨਾਲੋਂ ਵੀ ਦੋ ਕਦਮ ਅੱਗੇ ਹਨ।

Write **T** if the statement is **true**.
**F** if the statement is **false**.
**NT** if the statement is **not in the text**.

**0 4 . 1** The level of education at private and government schools is comparable. **[1 mark]**

**0 4 . 2** The staff at the government school have gained knowledge and skills over time. **[1 mark]**

**0 4 . 3** The students at the government school are uncomfortable speaking English. **[1 mark]**

**0 4 . 4** Students who come from other schools need to work longer hours to catch up with classes. **[1 mark]**

**0 4 . 5** The majority of Panjab government schools still need lots of work. **[1 mark]**

5

Do not write outside the box

**0 5** **Music concert review**

Read this blog post on a Panjabi music concert.

Complete the text using words in the list.

Write the correct letter in each box.

13 ਅਪ੍ਰੈਲ ਨੂੰ ਗੁਰਦਾਸ ਮਾਨ ਦਾ ਗੀਤ-ਸੰਗੀਤ ਪ੍ਰੋਗਰਾਮ ਲੀਡਜ਼ ਅਰੀਨਾ [ ] ਹੋਇਆ। ਅਸੀਂ ਅੱਧਾ ਘੰਟਾ ਪਹਿਲਾਂ ਹੀ ਉੱਥੇ ਟੈਕਸੀ ਲੈ ਕੇ ਪਹੁੰਚ ਗਏ ਪ੍ਰੰਤੂ ਬੜੀਆਂ ਲੰਮੀਆਂ [ ] ਲੱਗੀਆਂ ਹੋਈਆਂ ਸਨ। ਚੀਜ਼ਾਂ ਮਹਿੰਗੀਆਂ ਹੁੰਦੇ ਹੋਏ ਵੀ ਸਾਨੂੰ ਖਾਣ-ਪੀਣ ਦਾ ਸਾਮਾਨ ਅੰਦਰੋਂ ਹੀ [ ] ਪਿਆ। ਕੁਝ ਝਗੜਾਲੂ ਮੁੰਡੇ ਨੱਚਣੋਂ ਨਹੀਂ ਹਟਦੇ ਸਨ ਪਰ ਦੋ ਗਾਰਡ ਉਨ੍ਹਾਂ ਨੂੰ ਉਸੇ ਵੇਲੇ [ ] ਕੇ ਲੈ ਗਏ। ਅਸੀਂ ਗਾਣਿਆਂ ਦਾ ਬਹੁਤ ਆਨੰਦ ਮਾਣਿਆ।

| | |
|---|---|
| **A** | ਚਾਹ |
| **B** | ਫੜ |
| **C** | ਵਿਖੇ |
| **D** | ਚਾਹ |
| **E** | ਕਤਾਰਾਂ |
| **F** | ਸਮੋਸੇ |
| **G** | ਇਲਾਵਾ |
| **H** | ਖਰੀਦਣਾ |

**[4 marks]**

4

**Turn over ▶**

Do not write outside the box

**0 6** **Worries**

Read an extract from a Panjabi magazine article on worries.

ਅੱਜ ਕੱਲ੍ਹ ਜ਼ਿੰਦਗੀ ਵਿੱਚ ਫਿਕਰ ਹੋਣਾ ਇੱਕ ਆਮ ਗੱਲ ਹੈ। ਇਹ ਸਾਡੇ ਰੋਜ਼ਾਨਾ ਜੀਵਨ ਵਿੱਚ ਚੀਜ਼ਾਂ ਪ੍ਰਾਪਤ ਕਰਨ ਲਈ ਸਾਡੀ ਮਦਦ ਕਰਦਾ ਹੈ। ਘਰ, ਕੰਮ ਅਤੇ ਪਰਿਵਾਰਕ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਾਡੀ ਸਹਾਇਤਾ ਵੀ ਕਰਦਾ ਹੈ। ਫਿਕਰ ਸਾਡੇ ਮੂਡ ਅਤੇ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਪਰ ਸਭ ਤੋਂ ਵੱਡੀ ਮਾਤਰਾ ਵਿੱਚ ਇਹ ਸਾਡੇ ਰਿਸ਼ਤਿਆਂ ਤੇ ਅਸਰ ਕਰਦਾ ਹੈ।

ਫਿਕਰ ਦੇ ਕਈ ਕਾਰਨ ਹੋ ਸਕਦੇ ਹਨ ਪਰ ਇੱਕ ਸਰਵੇ ਅਨੁਸਾਰ ਕੰਮ ਦਾ ਫਿਕਰ, ਸੂਚੀ ਵਿੱਚ ਸਭ ਤੋਂ ਉੱਪਰ ਹੈ। ਕੰਮ ਦੇ ਫਿਕਰ ਦਾ ਮੁੱਖ ਕਾਰਨ ਹੈ; ਆਪਣੀ ਨੌਕਰੀ ਤੋਂ ਪ੍ਰਸੰਨ ਨਾ ਹੋਣਾ।

Answer the following questions in **English**.

**0 6 . 1** Why is it good to have worries in life? Give **one** detail.

**[1 mark]**

______________________________________________

______________________________________________

**0 6 . 2** What is **most** affected by excessive worrying?

**[1 mark]**

______________________________________________

______________________________________________

**0 6 . 3** What is the main reason for worrying about work?

**[1 mark]**

______________________________________________

______________________________________________

3

Do not write outside the box

**0 7** **Marriage**

Read a blog where Panjabi students are discussing their views about marriage and partnership.

**Agamjot**

ਮੈਂ ਤਾਂ ਪ੍ਰੇਮ ਵਿਆਹ ਵਿੱਚ ਯਕੀਨ ਰੱਖਦੀ ਹਾਂ ਕਿਉਂਕਿ ਤੁਹਾਨੂੰ ਆਪਣੇ ਜੀਵਨ ਸਾਥੀ ਦੀ ਚੋਣ ਕਰਨ ਦਾ ਮੌਕਾ ਮਿਲਦਾ ਹੈ। ਸਾਡਾ ਸਭਿਆਚਾਰ ਵਿਆਹ ਤੋਂ ਪਹਿਲਾਂ ਇਕੱਠੇ ਰਹਿਣ ਦੀ ਆਗਿਆ ਨਹੀਂ ਦਿੰਦਾ ਇਸ ਲਈ ਆਪਣੇ ਜੀਵਨ ਸਾਥੀ ਦੇ ਸੁਭਾਅ ਨੂੰ ਪੂਰੀ ਤਰ੍ਹਾਂ ਨਾਲ ਜਾਣਨਾ ਔਖਾ ਹੀ ਨਹੀਂ, ਅਸੰਭਵ ਹੈ।

**Chirag**

ਮੈਂ ਤਾਂ ਆਪਣੇ ਮਾਪਿਆਂ ਦੀ ਸਲਾਹ ਨਾਲ ਵਿਆਹ ਕਰਾਵਾਂਗਾ ਕਿਉਂਕਿ ਮੇਰੇ ਮਾਪਿਆਂ ਨੇ ਮੇਰੇ ਨਾਲੋਂ ਜ਼ਿਆਦਾ ਜ਼ਿੰਦਗੀ ਵੇਖੀ ਹੈ। ਉਹ ਮੇਰੇ ਲਈ, ਸਾਡੀ ਰਿਸ਼ਤੇਦਾਰੀ ਵਿੱਚੋਂ ਇੱਕ ਚੰਗੀ ਪੜ੍ਹੀ ਲਿਖੀ ਕੁੜੀ ਲੱਭਣਗੇ ਜਿਸ ਦੇ ਬਾਰੇ, ਉਨ੍ਹਾਂ ਨੂੰ ਪਹਿਲਾਂ ਹੀ ਸਾਰੀ ਜਾਣਕਾਰੀ ਹੋਵੇਗੀ ਪਰ ਮੈਨੂੰ ਉਸ ਨਾਲ ਵਿਆਹ ਤੋਂ ਬਾਅਦ ਪਿਆਰ ਹੋਵੇਗਾ ਜਾਂ ਨਹੀਂ ਇਹ ਕਹਿਣਾ ਮੁਸ਼ਕਲ ਹੈ !

For each student, write down **one** advantage and **one** disadvantage of marriage and partnership.

Answer in **English**.

**0 7 . 1** Agamjot

| **Advantage** | **Disadvantage** |
|---|---|
| | |

**[2 marks]**

**0 7 . 2** Chirag

| **Advantage** | **Disadvantage** |
|---|---|
| | |

**[2 marks]**

4

**Turn over for Section B**

**Turn over ▶**

Do not write outside the box

## Section B

Questions and answers in **Panjabi**

Answer **all** questions in the spaces provided.

**0 8** **ਕਿੱਕਲੀ**

ਕੁੜੀਆਂ ਵੱਲੋਂ ਕਿੱਕਲੀ ਪਾਉਣ ਵੇਲੇ ਗਾਇਆ ਜਾਣ ਵਾਲਾ ਲੋਕ ਗੀਤ ਪੜ੍ਹੋ।

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁਪੱਟਾ ਮੇਰੇ ਭਾਈ ਦਾ,
ਫਿੱਟੇ ਮੂੰਹ ਜਵਾਈ ਦਾ।
ਨੱਚਾਂਗੇ ਤੇ ਗਾਵਾਂਗੇ,
ਭਾਬੋ ਨੂੰ ਲਿਆਵਾਂਗੇ,
ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ।
ਗਈ ਸੀ ਮੈਂ ਗੰਗਾ,
ਚੜ੍ਹਾ ਲਿਆਈ ਵੰਗਾਂ,
ਅਸਮਾਨੀ ਮੇਰਾ ਲਹਿੰਗਾ,
ਮੈਂ ਕਿਹੜੀ ਕਿਲੀ ਟੰਗਾਂ।
ਨੀ ਮੈਂ ਇਸ ਕਿੱਲੀ ਟੰਗਾਂ,
ਕਿ ਮੈਂ ਔਸ ਕਿੱਲੀ ਟੰਗਾਂ।

ਸਹੀ ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ।

**0 8 . 1** ਕੁੜੀ ਕਿਸ ਦੀ ਪਗੜੀ ਬਾਰੇ ਦੱਸਦੀ ਹੈ ?

| | |
|---|---|
| **A** | ਪਿਤਾ ਜੀ ਦੀ |
| **B** | ਦਾਦੇ ਜੀ ਦੀ |
| **C** | ਭਰਾ ਜੀ ਦੀ |

☐

**[1 mark]**

Do not write outside the box

**0 8 . 2** ਗੀਤ ਵਿੱਚ ਨੱਚਣ ਗਾਉਣ ਦੇ ਨਾਲ ਹੋਰ ਕੀ ਕਰਨ ਲਈ ਕਿਹਾ ਗਿਆ ਹੈ ?

| | |
|---|---|
| **A** | ਭਾਬੀ ਜੀ ਨੂੰ ਛੱਡ ਕੇ ਆਉਣ ਲਈ |
| **B** | ਭਾਬੀ ਜੀ ਨੂੰ ਲੈ ਕੇ ਆਉਣ ਲਈ |
| **C** | ਭਾਬੀ ਜੀ ਨੂੰ ਮਿਲ ਕੇ ਆਉਣ ਲਈ |

**[1 mark]**

**0 8 . 3** ਕੁੜੀ ਨੇ ਸਰੀਰ ਦੇ ਕਿਹੜੇ ਹਿੱਸੇ ਲਈ ਤੋਹਫ਼ਾ ਖਰੀਦਿਆ ?

| | |
|---|---|
| **A** | ਹੱਥਾਂ ਲਈ |
| **B** | ਪੈਰਾਂ ਲਈ |
| **C** | ਬਾਂਹਾਂ ਲਈ |

**[1 mark]**

**0 8 . 4** ਕੁੜੀ ਨੂੰ ਕਿਹੜੀ ਚੀਜ਼ ਰੱਖਣ ਬਾਰੇ ਪਤਾ ਨਹੀਂ ਲਗਦਾ ?

| | |
|---|---|
| **A** | ਕੱਪੜੇ |
| **B** | ਗਹਿਣੇ |
| **C** | ਪੈਸੇ |

**[1 mark]**

4

**Turn over for the next question**

Do not write outside the box

**0 9** **ਸਕੂਲ ਦੇ ਦਿਨ**

ਦੋ ਵਿਦਿਆਰਥੀਆਂ ਦਾ ਆਪਣੇ ਸਕੂਲ ਬਾਰੇ ਬਲੌਗ ਪੜ੍ਹੋ ।

| | |
|---|---|
| **ਕੁਲਦੀਪ** | ਅਗਲੇ ਸਾਲ, ਮੇਰੇ ਚੰਗੇ ਗਰੇਡ ਆਉਣਗੇ । ਪਿਛਲੇ ਸਾਲ, ਮੈਂ ਅਧਿਆਪਕਾਂ ਦੀ ਕੋਈ ਗੱਲ ਨਹੀਂ ਮੰਨੀ ਪਰ ਹੁਣ ਮੈਂ ਪੜ੍ਹਾਈ ਵੱਲ ਜ਼ਿਆਦਾ ਧਿਆਨ ਦੇ ਰਿਹਾ ਹਾਂ । |
| **ਰਣਜੀਤ** | ਅਗਲੇ ਸਾਲ, ਮੈਂ ਕਾਲਜ ਜਾਵਾਂਗੀ । ਪ੍ਰਾਇਮਰੀ ਸਕੂਲ ਵਿੱਚ ਮੇਰੀਆਂ ਬਹੁਤ ਸਹੇਲੀਆਂ ਸਨ । ਹਾਈ ਸਕੂਲ ਵਿੱਚ, ਮੈਂ ਖੇਡਣ ਵੱਲ ਘੱਟ ਧਿਆਨ ਦਿੰਦੀ ਹਾਂ । |

ਬੀਤੇ ਸਮੇਂ ਵਿੱਚ ਕਿਹੜੀਆਂ **ਦੋ** ਗੱਲਾਂ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਕਿਹੜੀਆਂ **ਦੋ** ਗੱਲਾਂ ਹੋਣਗੀਆਂ ?

**ਪੰਜਾਬੀ ਵਿੱਚ ਹੇਠਲੇ ਖਾਨਿਆਂ ਨੂੰ ਪੂਰਾ ਕਰੋ ।**

| | **ਪੁਰਾਣੇ ਸਮੇਂ ਵਿੱਚ** | **ਹੁਣ ਦੇ ਸਮੇਂ ਵਿੱਚ** | **ਆਉਣ ਵਾਲੇ ਸਮੇਂ ਵਿੱਚ** |
|---|---|---|---|
| **ਕੁਲਦੀਪ** | | ਪੜ੍ਹਾਈ ਵੱਲ ਧਿਆਨ ਦਿੰਦਾ ਹੈ | |
| **ਰਣਜੀਤ** | | ਖੇਡਾਂ ਵੱਲ ਘੱਟ ਧਿਆਨ | |

**[4 marks]**

4

Do not write outside the box

**1 0** **ਰੈਸਟੋਰੈਂਟਾਂ ਦਾ ਰੀਵਿਊ**

ਚਾਰ ਲੋਕਾਂ ਦੁਆਰਾ ਰੈਸਟੋਰੈਂਟਾਂ ਦਾ ਕੀਤਾ ਹੋਇਆ ਰੀਵਿਊ ਪੜ੍ਹੋ।

| |
|---|
| **ਰਮਨ**<br>ਰੈਸਟੋਰੈਂਟ ਦਾ ਮਾਲਕ ਨਵਾਂ ਹੈ ਅਤੇ ਉਸ ਨੇ ਖਾਣੇ ਹੋਰ ਵੀ ਮਹਿੰਗੇ ਕਰ ਦਿੱਤੇ ਹਨ। ਬੜੀ ਮਾੜੀ ਗੱਲ ਹੈ, ਹੁਣ ਵੱਖ-ਵੱਖ ਤਰ੍ਹਾਂ ਦੇ ਖਾਣੇ ਨਹੀਂ ਮਿਲਦੇ। |
| **ਗੁਰਨਾਮ**<br>ਸਟਾਫ ਦਾ ਸੁਭਾਅ ਬੜਾ ਹੀ ਨਿੱਘਾ ਹੈ। ਰਸੋਈ ਰੈਸਟੋਰੈਂਟ ਤੋਂ ਉੱਪਰਲੀ ਮੰਜ਼ਿਲ ਤੇ ਹੈ। ਪੰਜਾਬੀ ਮਸਾਲਿਆਂ ਨਾਲ ਤਿਆਰ ਕੀਤਾ ਹੋਇਆ ਖਾਣਾ ਮਿਲਦਾ ਹੈ। |
| **ਅਸੀਸ**<br>ਜਾਇਜ਼ ਕੀਮਤਾਂ ਦੇ ਨਾਲ-ਨਾਲ ਇੱਕ ਨੰਬਰ ਰੈਸਟੋਰੈਂਟ। ਖਾਣਾ ਪਰੋਸਣ ਵਿੱਚ ਚੁਸਤੀ ਫੁਰਤੀ ਪਰ ਮੈਨੂੰ ਨਹੀਂ ਲਗਦਾ ਤੁਸੀਂ ਦੁਬਾਰਾ ਇੱਥੇ ਜਾਉਗੇ ਕਿਉਂਕਿ ਇਸ ਇਲਾਕੇ ਵਿੱਚ ਇਸ ਤੋਂ ਵੀ ਵਧੀਆ ਰੈਸਟੋਰੈਂਟ ਹਨ। |
| **ਹਰਲੀਨ**<br>ਮੁਰਗੇ ਦਾ ਮੀਟ ਮਾਈਕਰੋਵੇਵ ਵਿੱਚ ਦੁਬਾਰਾ ਗਰਮ ਕੀਤਾ ਹੋਇਆ ਲਗਦਾ ਸੀ। ਮਨੋਰੰਜਨ ਤਾਂ ਭੁੱਲ ਹੀ ਜਾਉ, ਰਸੋਈ ਵਿੱਚੋਂ ਭਾਂਡੇ ਖੜਕਣ ਅਤੇ ਕੰਮ ਕਰਨ ਵਾਲਿਆਂ ਦੀਆਂ ਲਗਾਤਾਰ ਆਵਾਜ਼ਾਂ ਆ ਰਹੀਆਂ ਸਨ। |

ਕਿਹੜੇ **ਚਾਰ** ਵਾਕ **ਠੀਕ** ਹਨ ?

| | |
|---|---|
| **A** | ਰਮਨ ਨਵੇਂ ਰੈਸਟੋਰੈਂਟ ਤੋਂ ਖੁਸ਼ ਹੈ। |
| **B** | ਰਮਨ ਨੂੰ ਮੀਨੂ ਤੇ ਕਈ ਕਿਸਮ ਦੇ ਖਾਣੇ ਪਸੰਦ ਹਨ। |
| **C** | ਗੁਰਨਾਮ ਅਸਲੀ ਭੋਜਨ ਦਾ ਆਨੰਦ ਲੈ ਸਕਦਾ ਹੈ। |
| **D** | ਗੁਰਨਾਮ ਦੇ ਰੈਸਟੋਰੈਂਟ ਦੀ ਰਸੋਈ ਰੈਸਟੋਰੈਂਟ ਦੇ ਉੱਤੇ ਹੈ। |
| **E** | ਅਸੀਸ ਬਹੁਤ ਸਾਰੇ ਰੈਸਟੋਰੈਂਟਾਂ ਬਾਰੇ ਜਾਣਦੀ ਹੈ। |
| **F** | ਅਸੀਸ ਦਾ ਮੰਨਣਾ ਹੈ ਕਿ ਰੈਸਟੋਰੈਂਟ ਦੀਆਂ ਕੀਮਤਾਂ ਬਿਲਕੁਲ ਸਹੀ ਹਨ। |
| **G** | ਹਰਲੀਨ ਮੁਰਗੇ ਦੇ ਮਾਸ ਦਾ ਆਨੰਦ ਮਾਣ ਸਕਦੀ ਹੈ। |
| **H** | ਹਰਲੀਨ ਦੇ ਰੈਸਟੋਰੈਂਟ ਵਿੱਚ ਬਹੁਤ ਸ਼ਾਂਤੀ ਹੈ। |

**ਠੀਕ** ਵਾਕ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ।

☐ ☐ ☐ ☐

**[4 marks]**

4

**Turn over ▸**

*Do not write outside the box*

**1 1** **ਪੰਜਾਬੀ ਵਿਦਿਆਰਥੀਆਂ ਦੀ ਵਿਦੇਸ਼ ਵਿੱਚ ਪੜ੍ਹਾਈ**

ਪੰਜਾਬੀ ਰਸਾਲੇ ਵਿੱਚ ਪੰਜਾਬੀ ਵਿਦਿਆਰਥੀਆਂ ਦੇ ਉਚੇਰੀ ਪੜ੍ਹਾਈ ਲਈ ਵਿਦੇਸ਼ਾਂ ਵਿੱਚ ਜਾਣ ਬਾਰੇ ਇੱਕ ਆਰਟੀਕਲ ਪੜ੍ਹੋ ।

ਉੱਨ੍ਹੀਵੀਂ ਸਦੀ ਵਿੱਚ ਸਿੱਖਾਂ ਦੀ ਸਰਕਾਰ ਸਮੇਂ ਮਹਾਰਾਜਾ ਦਲੀਪ ਸਿੰਘ ਤੋਂ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦਾ ਆਰੰਭ ਹੋਇਆ । ਵੀਹਵੀਂ ਸਦੀ ਵਿੱਚ ਆਜ਼ਾਦੀ ਤੋਂ ਬਾਅਦ ਵਿਦਿਆਰਥੀਆਂ ਦੇ ਬਾਹਰ ਜਾਣ ਵਿੱਚ ਪਰਿਵਰਤਨ ਆਇਆ, ਜਦੋਂ ਅਚਾਨਕ ਅਨੇਕਾਂ ਵਿਦਿਆਰਥੀਆਂ ਨੇ ਪੰਜਾਬ ਨੂੰ ਅਲਵਿਦਾ ਕਹਿ ਦਿੱਤਾ । ਬੇਸ਼ੱਕ ਵਿਦਿਆਰਥੀਆਂ ਦੇ ਪ੍ਰਦੇਸ ਜਾਣ ਦੇ ਕਈ ਕਾਰਨ ਸਨ, ਜਿਵੇਂ ਕਿ ਪੰਜਾਬ ਵਿੱਚ ਮੌਕਿਆਂ ਦੀ ਘਾਟ, ਡਾਲਰਾਂ ਅਤੇ ਪੌਂਡਾਂ ਵਿੱਚ ਕਮਾਉਣ ਦੀ ਇੱਛਾ ਪਰ ਉਨ੍ਹਾਂ ਵਿੱਚੋਂ ਵਿਸ਼ੇਸ਼ ਵਜ੍ਹਾ ਸੀ ਪੰਜਾਬ ਵਿੱਚ ਵਾਪਰ ਰਹੀਆਂ ਹਿੰਸਾ ਵਾਲੀਆਂ ਘਟਨਾਵਾਂ । ਇੱਕੀਂਵੀ ਸਦੀ ਵਿੱਚ ਜ਼ਿਆਦਾਤਰ ਪੰਜਾਬੀ ਵਿਦਿਆਰਥੀਆਂ ਦੇ ਕੈਨੇਡਾ ਜਾਣ ਦਾ ਮੁੱਖ ਕਾਰਨ, ਪੜ੍ਹਾਈ ਦੀ ਬਜਾਏ ਸ਼ਾਨਦਾਰ ਭਵਿੱਖ ਹੈ । ਪਰ ਥੋੜ੍ਹੇ ਵਿਦਿਆਰਥੀ ਤਾਂ ਸਿਰਫ ਆਪਣੇ ਪਰਿਵਾਰਾਂ ਦੀ ਧਨ ਨਾਲ ਸਹਾਇਤਾ ਕਰਨ ਲਈ ਹੀ ਕੈਨੇਡਾ ਜਾਂਦੇ ਹਨ । ਕੈਨੇਡਾ ਵਿੱਚ ਜਿੰਨੇ ਮਰਜ਼ੀ ਨਜ਼ਦੀਕੀ ਰਿਸ਼ਤੇਦਾਰ ਹੋਣ ਉਹ ਵੀ ਅਜਿਹੇ ਵਿਦਿਆਰਥੀਆਂ ਤੋਂ ਮੂੰਹ ਮੋੜ ਲੈਂਦੇ ਹਨ ਅਤੇ ਉਨ੍ਹਾਂ ਨੂੰ ਬਹੁਤ ਸਖ਼ਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਹੁਣ ਵਿਦੇਸ਼ਾਂ ਵਿੱਚ ਕੁਝ ਵਿਦਿਆਰਥੀ ਸੁਨਹਿਰੇ ਭਵਿੱਖ ਦੀ ਆਸ ਵਿੱਚ ਪੜ੍ਹਾਈ ਤੋਂ ਇਲਾਵਾ ਨੌਕਰੀ ਵੀ ਕਰਦੇ ਹਨ ਅਤੇ ਉਨ੍ਹਾਂ ਨੂੰ ਰੁਜ਼ਗਾਰ ਵਾਲੀ ਜਗ੍ਹਾ ਤੇ ਪਹੁੰਚਣ ਲਈ ਲੰਬੀ ਯਾਤਰਾ ਕਰਨੀ ਪੈਂਦੀ ਹੈ ।

ਸਹੀ ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ ।

**1 1 . 1** ਪੰਜਾਬੀ ਵਿਦਿਆਰਥੀਆਂ ਨੇ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਵਸਣਾ ਕਦੋਂ ਸ਼ੁਰੂ ਕੀਤਾ ?

| | |
|---|---|
| **A** | ਮੁਗਲਾਂ ਦੇ ਰਾਜ ਵਿੱਚ |
| **B** | ਅੰਗਰੇਜ਼ਾਂ ਦੇ ਰਾਜ ਵਿੱਚ |
| **C** | ਸਿੱਖਾਂ ਦੇ ਰਾਜ ਵਿੱਚ |

☐ **[1 mark]**

**1 1 . 2** ਵੀਹਵੀਂ ਸਦੀ ਵਿੱਚ ਪੰਜਾਬੀ ਵਿਦਿਆਰਥੀਆਂ ਦੇ ਬਾਹਰਲੇ ਦੇਸ਼ਾਂ ਵਿੱਚ ਜਾਣ ਦਾ ਖਾਸ ਕਾਰਨ ਕੀ ਸੀ ?

| | |
|---|---|
| **A** | ਸਮਾਜ ਵਿੱਚ ਸ਼ਾਂਤੀ ਨਾ ਹੋਣਾ |
| **B** | ਨੌਕਰੀਆਂ ਨਾ ਮਿਲਣਾ |
| **C** | ਘਰ ਦਾ ਗੁਜ਼ਾਰਾ ਨਾ ਹੋਣਾ |

☐ **[1 mark]**

*Do not write outside the box*

**1 1 . 3** ਇੱਕੀਵੀਂ ਸਦੀ ਵਿੱਚ ਬਹੁਤੇ ਪੰਜਾਬੀ ਵਿਦਿਆਰਥੀ ਕੈਨੇਡਾ ਕਿਉਂ ਜਾਂਦੇ ਹਨ ?

| | |
|---|---|
| **A** | ਕੰਮ ਕਰਨ ਲਈ |
| **B** | ਚੰਗੀ ਜ਼ਿੰਦਗੀ ਲਈ |
| **C** | ਉੱਚ-ਵਿੱਦਿਆ ਪ੍ਰਾਪਤ ਕਰਨ ਲਈ |

☐ **[1 mark]**

**1 1 . 4** ਕੁਝ ਪੰਜਾਬੀ ਵਿਦਿਆਰਥੀਆਂ ਦੇ ਕੈਨੇਡਾ ਜਾਣ ਦਾ ਹੋਰ ਕੀ ਕਾਰਨ ਹੈ ?

| | |
|---|---|
| **A** | ਪੰਜਾਬ ਵਿੱਚ ਬੇਰੁਜ਼ਗਾਰੀ |
| **B** | ਵਿਦੇਸ਼ ਜਾਣ ਦਾ ਚਾਅ |
| **C** | ਪਰਿਵਾਰ ਦੀ ਗਰੀਬੀ ਦੂਰ ਕਰਨਾ |

☐ **[1 mark]**

**1 1 . 5** ਪੰਜਾਬੀ ਵਿਦਿਆਰਥੀ ਕੈਨੇਡਾ ਵਿੱਚ ਕਿਹੋ-ਜਿਹਾ ਜੀਵਨ ਬਤੀਤ ਕਰਦੇ ਹਨ ?

| | |
|---|---|
| **A** | ਆਰਾਮਦਾਇਕ ਜ਼ਿੰਦਗੀ ਜਿਉਂਦੇ ਹਨ। |
| **B** | ਕਾਫੀ ਮੁਸ਼ਕਲਾਂ ਝੱਲਦੇ ਹਨ । |
| **C** | ਰਿਸ਼ਤੇਦਾਰਾਂ ਤੋਂ ਮਦਦ ਲੈਂਦੇ ਹਨ। |

☐ **[1 mark]**

**1 1 . 6** ਹੁਣ ਪੰਜਾਬੀ ਵਿਦਿਆਰਥੀ ਵਿਦੇਸ਼ਾਂ ਵਿੱਚ ਕੀ ਕਰਦੇ ਹਨ ?

| | |
|---|---|
| **A** | ਪੜ੍ਹਨ ਦੇ ਨਾਲ ਨਾਲ ਕੰਮ ਕਰਦੇ ਹਨ। |
| **B** | ਵਿਹਲੇ ਸਮੇਂ ਵਿੱਚ ਆਰਾਮ ਕਰਦੇ ਹਨ। |
| **C** | ਯੂਨੀਵਰਸਿਟੀਆਂ ਤਬਦੀਲ ਕਰਦੇ ਹਨ। |

☐ **[1 mark]**

6

**Turn over for Section C**

Do not write outside the box

## Section C

Translation into **English**

**1 2** Your Panjabi friend has sent you an email telling you about his holidays in the Panjab. Translate the message into **English**.

ਕਦੇ ਕਦੇ ਮੈਂ ਆਪਣੇ ਮਾਮੇ ਦੇ ਮੁੰਡਿਆਂ ਨਾਲ ਦੁਕਾਨਾਂ ਤੇ ਘੁੰਮਣ ਫਿਰਨ ਜਾਂਦਾ ਹਾਂ। ਵੀਕਐਂਡ ਤੇ ਅਸੀਂ ਕਪੂਰਥਲੇ ਵਿੱਚ 'ਸਾਇੰਸ ਸਿਟੀ' ਦੇਖਣ ਜਾ ਰਹੇ ਹਾਂ। ਪਿਛਲੇ ਹਫਤੇ, ਮੈਂ ਆਪਣੇ ਦੋਸਤ ਨੂੰ ਜਨਮ ਦਿਨ ਤੇ ਦੇਣ ਲਈ ਇੱਕ ਤੋਹਫ਼ਾ ਖਰੀਦਿਆ। ਅਗਲੇ ਹਫਤੇ, ਮੈਂ ਆਪਣੇ ਪਰਿਵਾਰ ਨਾਲ ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਡੈਮ ਦੇਖਣ ਜਾਵਾਂਗਾ।

**[9 marks]**

9

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | **Additional page, if required.<br>Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

Do not write outside the box

| Question number | **Additional page, if required. Write the question numbers in the left-hand margin.** |
| --- | --- |
| | |

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2023 AQA and its licensors. All rights reserved.